ਭੂਟਾਨ ਦੇ ਮਹਾਰਾਜਾ ਜਿਗਮੇ ਖੇਸਰ ਨਾਮਗਿਆਲ ਵਾਂਗਚੁਕ ਦੇ ਭਾਰਤੀ ਦੌਰੇ (05-06 ਦਸੰਬਰ, 2024) ਸਬੰਧੀ ਸਾਂਝਾ ਬਿਆਨ

ਦਸੰਬਰ 05, 2024

1. ਭੂਟਾਨ ਦੇ ਮਹਾਰਾਜੇ ਜਿਗਮੇ ਖੇਸਰ ਨਾਮਗਿਆਲ ਵਾਂਗਚੁਕ ਅਤੇ ਭੂਟਾਨ ਦੀ ਮਹਾਰਾਣੀ ਜੈਟਸਨ ਪੇਮਾ ਵਾਂਗਚੁਕ 05-06 ਦਸੰਬਰ 2024 ਨੂੰ ਭਾਰਤ ਦੇ ਅਧਿਕਾਰਤ ਦੌਰਾ ‘ਤੇ ਹਨ। ਉਨ੍ਹਾਂ ਨਾਲ ਊਰਜਾ ਅਤੇ ਕੁਦਰਤੀ ਸਰੋਤ ਮੰਤਰੀ ਸ੍ਰੀ ਜੇਮ ਸ਼ੇਰਿੰਗ ਅਤੇ ਭੂਟਾਨ ਸਰਕਾਰ ਦੇ ਸੀਨੀਅਰ ਅਧਿਕਾਰੀ ਵੀ ਹਨ।
2. ਦੌਰੇ ਦੌਰਾਨ, ਭੂਟਾਨ ਦੇ ਮਹਾਰਾਜਾ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦੁਵੱਲੇ ਸਹਿਯੋਗ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਬਾਰੇ ਚਰਚਾ ਕੀਤੀ। ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਅਤੇ ਸੀਨੀਅਰ ਅਧਿਕਾਰੀਆਂ ਨੇ ਭੂਟਾਨ ਦੇ ਮਹਾਰਾਜਾ ਨਾਲ ਮੁਲਾਕਾਤ ਕੀਤੀ।
3. ਭਾਰਤ ਅਤੇ ਭੂਟਾਨ ਦਰਮਿਆਨ ਦੋਸਤੀ ਅਤੇ ਸਹਿਯੋਗ ਦੇ ਮਜ਼ਬੂਤ ਸੰਬੰਧ ਹਨ ਜੋ ਹਰ ਖੇਤਰ ਵਿੱਚ ਆਪਸੀ ਸਮਝ, ਵਿਸ਼ਵਾਸ ਅਤੇ ਬੇਮਿਸਾਲ ਸਹਿਯੋਗ ਦੀ ਵਿਸ਼ੇਸ਼ਤਾ ਰੱਖਦੇ ਹਨ। ਇਹ ਦੁਵੱਲੀ ਗੱਲਬਾਤ ਗਹਿਰੀ ਦੋਸਤੀ ਦੀ ਭਾਵਨਾ ਨਾਲ ਕਰਵਾਈ ਗਈ ਹੈ, ਅਤੇ ਦੋਵਾਂ ਦੇਸ਼ਾਂ ਦਰਮਿਆਨ ਮੌਜੂਦ ਮਜ਼ਬੂਤ ਇਤਿਹਾਸਕ ਸੰਬੰਧਾਂ, ਸਦਭਾਵਨਾ ਅਤੇ ਸਮਝ ਨੂੰ ਦਰਸਾਉਂਦੀ ਹੈ।
4. ਦੋਵਾਂ ਆਗੂਆਂ ਨੇ ਮਾਰਚ 2024 ਵਿੱਚ ਆਪਣੀ ਪਿਛਲੀ ਮੁਲਾਕਾਤ ਉਪਰੰਤ ਹੋਈ ਮਹੱਤਵਪੂਰਨ ਪ੍ਰਗਤੀ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਸਹਿਯੋਗ ਦੇ ਵਿਭਿੰਨ ਖੇਤਰਾਂ ਬਾਰੇ ਚਰਚਾ ਕਰਨ ਲਈ ਨਿਯਮਤ ਤੌਰ ‘ਤੇ ਉੱਚ-ਪੱਧਰੀ ਦੌਰਿਆਂ ਅਤੇ ਸਲਾਹ-ਮਸ਼ਵਰੇ ਲਈ ਹਾਮੀ ਭਰੀ। ਉਨ੍ਹਾਂ ਨੇ ਵਪਾਰਕ ਅਤੇ ਆਰਥਿਕ ਸੰਪਰਕ, ਬੁਨਿਆਦੀ ਢਾਂਚਾ, ਊਰਜਾ, ਹੁਨਰ ਵਿਕਾਸ, ਸਿੱਖਿਆ, ਸਿਹਤ, ਸੱਭਿਆਚਾਰਕ ਵਿਰਾਸਤ, ਸਮਰੱਥਾ ਨਿਰਮਾਣ, ਖੇਡਾਂ, ਯੁਵਾ ਆਦਾਨ-ਪ੍ਰਦਾਨ, ਡਿਜੀਟਲ ਅਰਥਵਿਵਸਥਾ, ਈ-ਮੋਬਿਲਿਟੀ, ਪੁਲਾੜ ਤਕਨਾਲੋਜੀ, ਵਾਤਾਵਰਣ ਸੰਭਾਲ, ਅਤੇ ਲੋਕਾਂ ਵਿੱਚ ਆਪਸੀ ਸਬੰਧਾਂ ਦੇ ਖੇਤਰਾਂ ਸਮੇਤ ਦੋਵਾਂ ਦੇਸ਼ਾਂ ਦਰਮਿਆਨ ਵਧ ਰਹੀ ਭਾਈਵਾਲੀ ਦੀ ਵੀ ਸਮੀਖਿਆ ਕੀਤੀ।
5. ਮਹਾਰਾਜਾ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਦੁਵੱਲੇ ਸ਼ਾਨਦਾਰ ਸੰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਇਨ੍ਹਾਂ ਸ਼ਾਨਦਾਰ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਭੂਟਾਨ ਦੇ ਮਹਾਰਾਜਾ ਨੇ ਭੂਟਾਨ ਦੇ ਸਮਾਜਿਕ-ਆਰਥਿਕ ਵਿਕਾਸ ਲਈ ਭਾਰਤ ਸਰਕਾਰ ਵੱਲੋਂ ਪਾਏ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ।
6. ਪ੍ਰਧਾਨ ਮੰਤਰੀ ਨੇ ਭੂਟਾਨ ਨਾਲ ਦੋਸਤੀ ਅਤੇ ਸਹਿਯੋਗ ਦੇ ਸਥਾਈ ਬੰਧਨ ਲਈ ਭਾਰਤ ਦੀ ਮਜ਼ਬੂਤ ਵਚਨਬੱਧਤਾ ਪ੍ਰਗਟਾਈ ਅਤੇ ਸ਼ਾਹੀ ਸਰਕਾਰ ਦੀਆਂ ਤਰਜੀਹਾਂ ਅਤੇ ਮਹਾਰਾਜਾ ਦੀ ਕਲਪਨਾ ਮੁਤਾਬਿਕ ਭੂਟਾਨ ਵਿੱਚ ਸਮਾਜਿਕ-ਆਰਥਿਕ ਵਿਕਾਸ ਲਈ ਨਿਰੰਤਰ ਅਤੇ ਪੂਰਨ ਸਹਿਯੋਗ ਦੇਣ ਦੀ ਹਾਮੀ ਭਰੀ।
7. ਭੂਟਾਨ ਨੇ 13ਵੀਂ ਪੰਜ ਸਾਲਾ ਯੋਜਨਾ (2024-29) ਤਹਿਤ ਭੂਟਾਨ ਦੇ ਵਿਕਾਸ ਲਈ ਸਹਾਇਤਾ ਵਿੱਚ ਵਾਧਾ ਕਰਨ ਅਤੇ ਭੂਟਾਨ ਸਰਕਾਰ ਦੇ ਆਰਥਿਕ ਪ੍ਰੋਤਸਾਹਨ ਪ੍ਰੋਗਰਾਮ ਲਈ ਭਾਰਤ ਦੇ ਸਹਿਯੋਗ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ।
8. ਮਹਾਰਾਜਾ ਨੇ ਪ੍ਰਧਾਨ ਮੰਤਰੀ ਨਾਲ ਗੇਲੇਫੂ ਮਾਇੰਡਫੁੱਲਨੈਸ ਸਿਟੀ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਲਈ ਆਪਣੇ ਦ੍ਰਿਸ਼ਟੀਕੋਣ ਦੇ ਲਾਗੂਕਰਨ ਵਿੱਚ ਹੋਈ ਪ੍ਰਗਤੀ ਨੂੰ ਸਾਂਝਾ ਕੀਤਾ ਅਤੇ ਦੱਸਿਆ ਕਿ ਕਿਵੇਂ ਭਾਰਤ ‘ਤੇ ਭੂਟਾਨ ਮਿਲ ਕੇ ਦੋਨਾਂ ਦੇਸ਼ਾਂ ਦੇ ਲੋਕਾਂ ਅਤੇ ਖਿੱਤਿਆਂ ਦੀ ਪ੍ਰਗਤੀ ਲਈ ਇਸ ਪ੍ਰੋਜੈਕਟ 'ਤੇ ਕੰਮ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਗੇਲੇਫੂ ਮਾਇੰਡਫੁੱਲਨੈਸ ਸਿਟੀ ਪ੍ਰੋਜੈਕਟ ਲਈ ਭਾਰਤ ਦੇ ਨਿਰੰਤਰ ਸਹਿਯੋਗ ਦਾ ਭਰੋਸਾ ਦਿੱਤਾ, ਜੋ ਭੂਟਾਨ ਅਤੇ ਸਰਹੱਦੀ ਇਲਾਕਿਆਂ ਵਿੱਚ ਭਲਾਈ ਅਤੇ ਖੁਸ਼ਹਾਲੀ ਲਿਆਵੇਗਾ, ਅਤੇ ਦੋਵਾਂ ਦੇਸ਼ਾਂ ਦਰਮਿਆਨ ਆਰਥਿਕ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗਾ।
9. ਸਵੱਛ ਊਰਜਾ ਸਹਿਯੋਗ ਭਾਰਤ-ਭੂਟਾਨ ਦੁਵੱਲੀ ਭਾਈਵਾਲੀ ਦਾ ਇੱਕ ਮਹੱਤਵਪੂਰਨ ਥੰਮ੍ਹ ਹੈ। ਪ੍ਰਧਾਨ ਮੰਤਰੀ ਮੋਦੀ ਦੀ ਮਾਰਚ 2024 ਵਿੱਚ ਭੂਟਾਨ ਫੇਰੀ ਦੌਰਾਨ ਜਾਰੀ ਕੀਤੇ ਗਏ ਭਾਰਤ-ਭੂਟਾਨ ਊਰਜਾ ਭਾਈਵਾਲੀ ਬਾਰੇ ਸੰਯੁਕਤ ਵਿਜ਼ਨ ਸਟੇਟਮੈਂਟ ਵਿੱਚ ਵਰਣਨ ਕੀਤੇ ਗਏ ਆਪਸੀ ਲਾਭਕਾਰੀ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਨੇਤਾਵਾਂ ਨੇ ਊਰਜਾ ਖੇਤਰ ਵਿੱਚ ਰਣਨੀਤਕ ਭਾਈਵਾਲੀ ਵਿੱਚ ਹਾਲ ਹੀ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ, ਜਿਸ ਵਿੱਚ ਗੈਰ-

ਭਾਰਤੀ ਵਿੱਤ ਅਤੇ ਊਰਜਾ ਬਜ਼ਾਰਾਂ ਤੱਕ ਪਹੁੰਚ ਰਾਹੀਂ ਭਾਰਤੀ ਅਤੇ ਭੂਟਾਨੀ ਸੰਸਥਾਵਾਂ ਵਿਚਕਾਰ ਜਲ-ਰਹਿਤ ਨਵਿਆਉਣਯੋਗ ਊਰਜਾ ਸ਼ਾਮਲ ਹੈ।

10. ਦੋਵੇਂ ਆਗੂਆਂ ਨੇ ਤਸੱਲੀ ਪ੍ਰਗਟਾਈ ਕਿ 1020 ਮੈਗਾਵਾਟ ਸਮਰੱਥਾ ਵਾਲਾ ਪੁਨਾਟਸ਼ਾਂਗਛੂ-II ਹਾਈਡਰੋ ਪਾਵਰ ਪ੍ਰਾਜੈਕਟ ਮੁਕੰਮਲ ਹੋਣ ਕੰਢੇ ਹੈ, ਅਤੇ ਨੇੜਲੇ ਭਵਿੱਖ ਵਿੱਚ ਇਸ ਦੇ ਕਾਰਜਸ਼ੀਲ ਹੋਣ ਦੀ ਉਮੀਦ ਹੈ। ਦੋਵਾਂ ਆਗੂਆਂ ਨੇ ਪੁਨਾਟਸ਼ਾਂਗਛੂ-I ਹਾਈਡਰੋ ਪਾਵਰ ਪ੍ਰਾਜੈਕਟ ਨੂੰ ਜਲਦ ਮੁਕੰਮਲ ਕਰਨ ਦੀ ਜ਼ਰੂਰਤ 'ਤੇ ਸਹਿਮਤੀ ਪ੍ਰਗਟਾਈ। ਦੋਵਾਂ ਧਿਰਾਂ ਨੇ ਪਣ-ਬਿਜਲੀ ਖੇਤਰ ਵਿੱਚ ਭਾਈਵਾਲੀ ਦੀ ਮਹੱਤਤਾ ‘ਤੇ ਜ਼ੋਰ ਦਿੱਤਾ ਅਤੇ ਜਲ ਭੰਡਾਰ ਪਣ-ਬਿਜਲੀ ਪ੍ਰਾਜੈਕਟਾਂ ਸਮੇਤ ਨਵੇਂ ਪ੍ਰਾਜੈਕਟਾਂ ਲਈ ਤੁਰੰਤ ਰੂਪ-ਰੇਖਾ ਨੂੰ ਅੰਤਿਮ ਰੂਪ ਦੇਣ ਸਮੇਤ ਇਸ ਦੇ ਵਿਸਥਾਰ ਲਈ ਆਪਣੀ ਵਚਨਬੱਧਤਾ ਦੁਹਰਾਈ।

11. ਦੋਵੇਂ ਆਗੂਆਂ ਨੇ ਆਸਾਮ ਦੇ ਦਰਾਂਗਾ ਵਿਖੇ ਏਕੀਕ੍ਰਿਤ ਚੈੱਕ ਪੋਸਟ ਖੋਲ੍ਹਣ 'ਤੇ ਤਸੱਲੀ ਪ੍ਰਗਟਾਈ, ਜਿਸ ਸਦਕਾ ਪੂਰਬੀ ਭੂਟਾਨ ਅਤੇ ਆਸਾਮ ਦੇ ਨਾਲ ਲੱਗਦੇ ਸਰਹੱਦੀ ਇਲਾਕਿਆਂ ਵਿੱਚ ਸੈਰ-ਸਪਾਟਾ ਅਤੇ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਮਿਲ ਸਕਦਾ ਹੈ।

12. ਉਨ੍ਹਾਂ ਨੇ ਇਸ ਗੱਲ ਉੱਤੇ ਵੀ ਤਸੱਲੀ ਪ੍ਰਗਟਾਈ ਕਿ ਪਿਛਲੀਆਂ ਬੈਠਕਾਂ ਦੌਰਾਨ ਜਿਹਨਾਂ ਪਹਿਲਕਦਮੀਆਂ ਜਿਵੇਂ ਸਰਹੱਦ ਪਾਰ ਸੰਪਰਕ ਅਤੇ ਬੁਨਿਆਦੀ ਢਾਂਚੇ ਸਬੰਧੀ ਪ੍ਰਾਜੈਕਟ ‘ਤੇ ਸਹਿਮਤੀ ਬਣੀ ਸੀ, ਉਹ ਨਿਰਵਿਘਨ ਅੱਗੇ ਵਧ ਰਹੀਆਂ ਹਨ, ਜਿਸ ਵਿੱਚ ਦੋ ਅੰਤਰ-ਸੀਮਾ ਰੇਲ ਲਿੰਕਾਂ ਦੀ ਸਥਾਪਨਾ ਅਤੇ ਡਿਜੀਟਲ ਸੰਪਰਕ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਦੋਵਾਂ ਧਿਰਾਂ ਨੇ ਦੁਵੱਲੇ ਵਪਾਰ ਅਤੇ ਵਣਜ ਨੂੰ ਹੋਰ ਬਿਹਤਰ ਬਣਾਉਣ ਲਈ ਹਾਲ ਹੀ ਵਿੱਚ ਲਏ ਗਏ ਫੈਸਲਿਆਂ ਬਾਰੇ ਗੌਰ ਕੀਤਾ।

13. ਆਗੂਆਂ ਨੇ ਪੁਲਾੜ ਖੇਤਰ, ਖਾਸ ਤੌਰ 'ਤੇ ਸਹਿਯੋਗ ਲਈ ਸੰਯੁਕਤ ਕਾਰਜ ਯੋਜਨਾ ਨੂੰ ਲਾਗੂ ਕਰਨ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਐਸਟੀਈਐਮ ਵਿਸ਼ਿਆਂ 'ਤੇ ਜ਼ੋਰ ਦਿੰਦਿਆਂ ਸਿੱਖਿਆ ਦੇ ਖੇਤਰ ਵਿੱਚ ਵੱਧ ਰਹੀ ਭਾਈਵਾਲੀ 'ਤੇ ਤਸੱਲੀ ਪ੍ਰਗਟਾਈ।

14. ਭੂਟਾਨ ਦੇ ਮਹਾਰਾਜਾ ਦੇ ਦੌਰੇ ਨੇ ਦੋਹਾਂ ਦੇਸ਼ਾਂ ਦਰਮਿਆਨ ਨਿਯਮਤ ਉੱਚ-ਪੱਧਰੀ ਆਦਾਨ-ਪ੍ਰਦਾਨ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਨੂੰ ਹੋਰ ਮਜ਼ਬੂਤ ਕੀਤਾ ਹੈ। ਮਹਾਰਾਜਾ ਦੇ ਦੌਰੇ ਨੇ ਦੋਵਾਂ ਦੇਸ਼ਾਂ ਨੂੰ ਦੁਵੱਲੇ ਸਹਿਯੋਗ ਦੇ ਸਮੁੱਚੇ ਪਹਿਲੂਆਂ ਦੀ ਸਮੀਖਿਆ ਕਰਨ ਅਤੇ ਭਾਰਤ ‘ਤੇ ਭੂਟਾਨ ਦਰਮਿਆਨ ਨਜ਼ਦੀਕੀ ਦੁਵੱਲੀ ਭਾਈਵਾਲੀ ਨੂੰ ਅੱਗੇ ਵਧਾਉਣ ਦਾ ਮੌਕਾ ਪ੍ਰਦਾਨ ਕੀਤਾ ਹੈ।

ਨਵੀਂ ਦਿੱਲੀ

05 ਦਸੰਬਰ, 2024